# GURU RAVIDAS BANI: SAMPURAN MANUKH DI GHADHAT

# ਗੁਰੂ ਰਵਿਦਾਸ ਬਾਣੀ: ਸੰਪੂਰਣ ਮਨੁੱਖ ਦੀ ਘਾੜਤ

ਸਰਵਜੀਤ ਸਿੰਘ (Sarvjeet Singh)
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਸਰਕਾਰੀ ਮਹਿਲਾ ਕਾਲਜ, ਰਤੀਆ, ਜ਼ਿਲ੍ਹਾ-ਫ਼ਤਿਹਾਬਾਦ (ਹਰਿਆਣਾ)
E-Mail-sarvjeetbains888@gmail.com ਮੋਬਾਈਲ +91-99919-02803

**ਸਾਰ (Abstract)**

*ਆਦਿਕਾਲ ਤੋਂ ਇਸ ਧਰਤੀ ਉੱਪਰ ਪੈਦਾ ਹੋਏ ਅਨੇਕਾਂ ਰਹਿਬਰਾਂ ਨੇ ਮਨੁੱਖੀ ਜੀਵਨ ਜਾਚ ਨੂੰ ਸੱਚਜਾ ਬਣਾਉਣ ਹਿਤ ਅਹਿਮ ਯੋਗਦਾਨ ਦਿੱਤਾ ਹੈ। ਜਿਸ ਵਿੱਚ ਸੂਫ਼ੀ, ਭਗਤ, ਨਾਥ, ਜੋਗੀ ਅਤੇ ਸਿੱਖ ਗੁਰੂਆਂ ਦੁਆਰਾ ਰਚਿਤ ਸਾਹਿਤ ਅਹਿਮ ਭੂਮਿਕਾ ਅਦਾ ਕਰਦਾ ਹੈ। ਇਹ ਸਾਹਿਤ ਮਨੁੱਖ ਕੇਂਦਰਿਤ ਹੈ ਕਿਉਂਕਿ ਸੰਸਾਰ ਦੇ ਸਾਰੇ ਜੀਵ ਜੰਤੂਆਂ ਵਿੱਚੋਂ ਸਭ ਤੋਂ ਉੱਤਮ ਰੁਤਬਾ ਮਨੁੱਖ ਦਾ ਹੈ। ਇਹ ਰੁਤਬਾ ਮਨੁੱਖ ਨੂੰ ਉਸ ਦੀ ਚੇਤੰਨਤਾ ਕਾਰਨ ਮਿਲਿਆ ਹੈ। ਸ੍ਰੀ ਗੁਰੂ ਰਵਿਦਾਸ ਬਾਣੀ ਵਿੱਚ ਮਨੁੱਖ ਦੀ ਸੰਪੂਰਣਤਾ ਪ੍ਰਾਪਤੀ ਦੇ ਸੰਕਲਪ ਬਾਰੇ ਨਿਠ ਕੇ ਚਰਚਾ ਹੋਈ ਹੈ। ਉਹਨਾਂ ਦੀ ਬਾਣੀ ਅਨੁਸਾਰ ਸਮਾਜ ਵਿੱਚ ਵਿਚਰਦਿਆਂ ਕਰਮ ਕਰਦਾ ਮਨੁੱਖ ਅਧਿਆਤਮਿਕ ਘਾਲਣਾ ਰਾਹੀਂ ਸਰਵ-ਉੱਚ ਪਦਵੀ ਪ੍ਰਾਪਤ ਕਰ ਸਕਦਾ ਹੈ।*

***ਕੀਵਰਡ (Keyword): ਮੱਧਕਾਲੀ ਸਾਹਿਤ, ਭਗਤੀ ਕਾਵਿਧਾਰਾ, ਗੁਰੂ ਰਵਿਦਾਸ, ਅਧਿਆਤਮ, ਮਾਨਸਿਕ ਵਿਕਾਰ, ਸੰਪੂਰਣ ਮਨੁੱਖ।***

ਮੱਧਕਾਲ ਵਿੱਚ ਸਮਾਜ ਦੇ ਸਰਵਪੱਖੀ ਮੁੱਲਾਂ ਦਾ ਵਿਵੇਚਨ ਕਰਨ ਹਿੱਤ ਭਗਤੀ ਕਾਵਿਧਾਰਾ ਦਾ ਜਨਮ ਹੋਇਆ। ਇਸ ਕਾਵਿਧਾਰਾ ਨੇ ਤਤਕਾਲੀਨ ਸਮਾਜ ਨੂੰ ਸਮਝ ਕੇ, ਉਸ ਵਿੱਚ ਵਿਆਪਤ ਕੁਰੀਤੀਆਂ ਪ੍ਰਤੀ ਤਿੱਖੀ ਪ੍ਰਤੀਕਿਰਿਆ ਦਿੱਤੀ। ਭਗਤੀ ਕਾਵਿਧਾਰਾ ਦੇ ਭਗਤਾਂ ਵਿੱਚ ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਸਧਨਾ, ਸੈਨ, ਰਵਿਦਾਸ, ਕਬੀਰ ਆਦਿ ਭਗਤਾਂ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹਨਾਂ ਸਾਰੇ ਭਗਤਾਂ ਦਾ ਜਨਮ ਭਾਵੇਂ ਭਾਰਤ ਦੇ ਅੱਲਗ-ਅੱਲਗ ਹਿੱਸਿਆਂ ਵਿੱਚ ਹੋਇਆ ਪਰੰਤੂ ਇਸ ਸਭ ਦੇ ਬਾਵਜੂਦ ਵੀ ਇਹਨਾਂ ਭਗਤਾਂ ਨੇ ਸਾਂਝੀ ਵਿਚਾਰਧਾਰਾ ਦੀ ਅਨੁਪਾਲਨਾ ਕੀਤੀ। ਇਹਨਾਂ ਭਗਤਾਂ ਨੇ ਮਨੁੱਖੀ ਸਮਾਜ ਨੂੰ ਜਾਗ੍ਰਤ ਕਰਨ ਲਈ ਪਾਖੰਡਵਾਦ, ਜਾਤ-ਨਸਲ ਆਧਾਰਿਤ ਹੁੰਦੇ ਭੇਦਭਾਵ, ਗਿਆਨ ਦੀ ਮਹੱਤਤਾ ਅਤੇ ਨੈਤਿਕ ਕਦਰਾਂ-ਕੀਮਤਾਂ ਵਰਗੇ ਵਿਸ਼ਿਆਂ ਉੱਪਰ ਆਪਣੇ ਵਿਚਾਰ ਬਿਨਾਂ ਕਿਸੇ ਡਰ ਅਤੇ ਭੈਅ ਤੋਂ ਦਿੱਤੇ।

*"ਇਹ ਲੋਕ ਮਾਨਸ ਵਿੱਚੋਂ ਉਠਿਆ ਇਕ ਸ਼ੁਧ ਵਿਵਹਾਰਿਕ ਲੋਕ ਧਰਮ ਹੈ ਜਿਸ ਨੇ ਆਪਣੇ ਵਿਚਾਰ ਜੀਵਨ ਦੇ ਨਿੱਤ ਪ੍ਰਤੀ ਦੇ ਵਿਵਹਾਰ, ਆਮ ਜਨਤਾ ਦੇ ਦੁੱਖਾਂ ਕਲੇਸ਼ਾਂ, ਹਾਕਮ-ਮਹਿਕੂਮ ਦੇ ਭੇੜ, ਉੱਚ ਜਾਤਾਂ ਖ਼ਾਸ ਕਰਕੇ ਬ੍ਰਾਹਮਣਵਾਦੀ ਅਤਿਆਚਾਰਾਂ ਤੋਂ ਆਮ ਆਦਮੀ ਦੀ ਰੱਖਿਆ ਕਰਨ ਲਈ, ਬਿਨਾਂ ਧਰਮ, ਵਰਣ, ਜਾਤ ਤੇ ਕਿਸੇ ਹੋਰ ਵਿਤਕਰੇ ਦੇ ਇਕ ਸਰਵਾਤਮਵਾਦੀ, ਵਿਸ਼ਵ-ਮਾਨਵ ਧਰਮ ਦੀ ਸਥਾਪਨਾ ਕੀਤੀ।"[1]*

ਇਹਨਾਂ ਭਗਤਾਂ ਦੀ ਬਾਣੀ ਰਚਨਾ ਵਿੱਚ ਦਿੱਤਾ ਗਿਆ ਸੰਦੇਸ਼ ਕਿਸੇ ਵਿਸ਼ੇਸ ਵਰਗ ਲਈ ਨਾ ਹੋ ਕੇ ਸਮੁੱਚੇ ਸੰਸਾਰ ਦੀ ਲੋਕਾਈ ਦੇ ਸੰਪੂਰਣ ਕਲਿਆਣ ਲਈ ਸੀ।

ਗੁਰੂ ਰਵਿਦਾਸ ਭਗਤੀ ਮਾਰਗ ਦੇ ਇੱਕ ਮਹਾਨ ਕਵੀ ਅਤੇ ਚਿੰਤਕ ਹੋਏ ਹਨ। ਉਹਨਾਂ ਨੂੰ ਸਮਾਜ ਦੇ ਦੱਬੇ ਕੁਚਲੇ ਵਰਗ ਦਾ ਨਾਇਕ, ਦਲਿਤ ਇਨਕਲਾਬ ਦਾ ਮੋਢੀ ਅਤੇ ਮਾਨਵਵਾਦੀ ਜਨ-ਨਾਇਕ ਆਦਿ ਨਾਵਾਂ ਨਾਲ ਨਿਵਾਜਿਆ ਜਾਂਦਾ ਹੈ। ਉਹਨਾਂ ਨੇ ਸਮਾਜ ਵਿੱਚ ਵਿਆਪਤ ਜਾਤ-ਪਾਤ, ਉਚ-ਨੀਚ, ਵੈਰ-ਵਿਰੋਧ, ਅੰਧ ਵਿਸ਼ਵਾਸ ਅਤੇ ਕਰਮਕਾਂਡਾਂ ਦਾ ਪੁਰਜ਼ੋਰ ਵਿਰੋਧ ਕੀਤਾ। ਉਹਨਾਂ ਦੀ ਬਾਣੀ ਵਿੱਚ ਮਨੁੱਖੀ ਸਮਾਜ ਲਈ ਪੇਸ਼ ਹੋਇਆ ਸੰਕਲਪ ਸਮਾਜਵਾਦ, ਲੋਕਤੰਤਰ ਅਤੇ ਕਾਮੇ ਕਿਰਤੀਆਂ ਨੂੰ ਚੇਤਨ ਕਰਨ ਵਾਲਾ ਸੀ। ਉਹਨਾਂ ਦਾ ਇਹ ਸੰਕਲਪ ਮਾਨਵ ਜਾਤੀ ਦੇ ਵਿਕਾਸ, ਸਰਵਜਾਤੀ-ਸਮਭਾਵ ਤੇ ਲੋਕਾਈ ਨੂੰ ਰਾਸਤਾ ਦਿਖਾਉਣ ਵਾਲਾ ਆਦਰਸ਼ਕ ਕਾਰਜ ਕਰਦਾ ਹੈ।

*"ਰਵਿਦਾਸ ਬਾਣੀ ਦੇ ਮੁੱਲਵਾਨ ਵਿਚਾਰ ਅੱਜ ਵੀ ਉਸ ਮਨੁੱਖ ਲਈ ਮਾਰਗ-ਦਰਸ਼ਕ ਬਣ ਸਕਦੇ ਹਨ ਜੋ ਇਕ ਅਜਿਹਾ ਸਮਾਜ ਉਸਾਰਨਾ ਚਾਹੁੰਦਾ ਹੈ ਜਿਸ ਵਿੱਚ ਵਿਅਕਤੀ ਆਪਣੀ ਹੋਂਦ ਨਵੇਂ ਸੱਚਾਂ ਨਾਲ ਜੋੜ ਸਕੇ। ਲੋੜ ਇਸ ਗੱਲ ਦੀ ਹੈ ਕਿ ਭਗਤਾਂ ਅਤੇ ਗੁਰੂਆਂ ਦੀ ਬਾਣੀ ਨੂੰ ਉਸੇ*

*ਪ੍ਰਸੰਗਾਂ ਨਾਲ ਜੋੜ ਕੇ ਸਮਝਿਆ ਜਾਵੇ ਜਿਨ੍ਹਾਂ ਪ੍ਰਸੰਗਾਂ ਵਿਚ ਇਹ ਬਾਣੀ ਰਚੀ ਗਈ ਸੀ। ਇਸ ਬਾਣੀ ਵਿਚ ਅਜਿਹੇ ਮੁੱਲਵਾਨ ਅਰਥ ਪਏ ਹੋਏ ਹਨ ਜੋ ਹਰ ਕਾਲ/ਹਰ ਸਥਿਤੀ ਅਤੇ ਹਰ ਵਿਅਕਤੀ ਲਈ ਦਿਸ਼ਾ ਬਣ ਸਕਦੇ ਹਨ।"*[2]

ਇਸ ਸੰਸਾਰ ਵਿੱਚ ਵੱਖ-ਵੱਖ ਨਸਲਾਂ, ਰੰਗਾਂ, ਧਰਮਾਂ, ਬੋਲੀਆਂ ਆਦਿ ਦੇ ਲੋਕ ਰਹਿੰਦੇ ਹਨ। ਸੰਸਾਰ ਵਿੱਚ ਵਿਚਰਦੇ ਇਹਨਾਂ ਮਨੁੱਖਾਂ ਦਾ ਪਰਮ ਲਕਸ਼ ਖ਼ੁਸ਼ੀ ਨਾਲ ਆਪਣਾ ਜੀਵਨ ਬਸਰ ਕਰਨਾ ਹੁੰਦਾ ਹੈ। ਪਰੰਤੂ ਇੱਥੇ ਖ਼ੁਸ਼ੀਆਂ ਨਾਲ ਭਰਪੂਰ ਜੀਵਨ ਬਸਰ ਉਹ ਮਨੁੱਖ ਹੀ ਕਰ ਸਕਦਾ ਹੈ ਜਿਹੜਾ ਆਪਣੇ ਵਿਅਕਤੀਤਵ ਪੱਖੋਂ ਸੰਪੂਰਣ ਹੋਵੇ। ਮਨੁੱਖ ਸੰਸਾਰ ਦੇ ਬਾਕੀ ਜੀਵ ਜੰਤੂਆਂ ਨਾਲੋਂ ਭਿੰਨ ਹੈ ਇਸ ਲਈ ਉਸ ਨੂੰ ਮਨੁੱਖਾਂ ਵਾਲੇ ਸਾਰੇ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ। ਇਸ ਵਜ੍ਹਾ ਕਰਕੇ ਹੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਮਨੁੱਖ ਦੇ ਸੰਪੂਰਣ ਵਿਕਾਸ ਨੂੰ ਮੁੱਖ ਵਿਸ਼ੇ ਦੇ ਤੌਰ ਤੇ ਉਭਾਰਿਆ ਹੈ। ਉਹਨਾਂ ਦੁਆਰਾ ਪੇਸ਼ ਹੋਇਆ ਸੰਪੂਰਣ ਮਨੁੱਖ ਦੇ ਵਿਕਾਸ ਦਾ ਇਹ ਸੰਕਲਪ ਸਮੇਂ ਸਥਾਨ ਦੀਆਂ ਬੰਦਸ਼ਾਂ ਤੋਂ ਮੁਕਤ ਹੈ। ਗੁਰੂ ਰਵਿਦਾਸ ਬਾਣੀ ਵਿੱਚ ਇੱਕ ਐਸੇ ਸੰਪੂਰਣ ਮਨੁੱਖ ਦੀ ਘਾੜਤ ਘੜੀ ਗਈ ਹੈ ਜੋ ਹਰ ਪੱਖ ਤੋਂ ਸੰਪੂਰਣ ਹੋਵੇ ਭਾਵ ਦੋਸ਼ ਰਹਿਤ ਹੋਵੇ। ਭਾਵੇਂ ਉਹਨਾਂ ਨੇ ਆਪਣੀ ਬਾਣੀ ਉੱਤਰ ਭਾਰਤ ਦੇ ਇੱਕ ਵਿਸ਼ੇਸ਼ ਖਿੱਤੇ ਵਿੱਚ ਰਚੀ ਪਰ ਇਸ ਵਿੱਚ ਜੋ ਸੰਕਲਪ ਪੇਸ਼ ਹਨ, ਉਹ ਸਥਿਤੀਆਂ ਤੇ ਅੰਤਰ-ਦ੍ਰਿਸ਼ਟੀਆਂ ਕਰਕੇ ਪੰਜਾਬ ਜਾਂ ਭਾਰਤ ਵਿੱਚ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਵਿੱਚ ਮਾਨਵਤਾ ਦੀ ਬਾਤ ਪਾਉਂਦੀਆਂ ਹਨ।

ਜਦੋਂ ਮਨੁੱਖੀ ਇਤਿਹਾਸ ਉੱਪਰ ਝਾਤ ਪਾਈ ਜਾਂਦੀ ਹੈ ਤਾਂ ਮਨੁੱਖ ਦੀ ਮੁੱਢਲੀ ਜੀਵਨ ਜਾਚ ਦਾ ਪਤਾ ਚਲਦਾ ਹੈ। ਉਸ ਸਮੇਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਹੋਇਆ ਕੰਦ-ਮੂਲ ਖਾ ਕੇ ਆਪਣਾ ਜੀਵਨ ਗੁਜ਼ਾਰਾ ਕਰਦਾ ਸੀ। ਪਰੰਤੂ ਸਮੇਂ ਦੇ ਵਿਕਾਸ ਨਾਲ ਉਸਦੀ ਜੀਵਨ ਜਾਚ ਵਿੱਚ ਸੁਧਾਰ ਆਉਣਾ ਸ਼ੁਰੂ ਹੋਇਆ। ਉਸਦੀਆਂ ਲੋੜਾਂ ਵਧਣੀਆਂ ਸ਼ੁਰੂ ਹੋ ਗਈਆਂ ਤਾਂ ਉਸ ਦੇ ਕਿੱਤੇ ਵੰਡੇ ਗਏ। ਪਰ ਸਮਾਜ ਦੇ ਕੁਝ ਖਾਸ ਵਰਗ ਦੇ ਲੋਕਾਂ ਨੇ ਇਹਨਾਂ ਕਿੱਤਿਆਂ ਨੂੰ ਉੱਤਮ ਅਤੇ ਨਿਮਨ ਵਰਗ ਵਿੱਚ ਵੰਡ ਦਿੱਤਾ ਅਤੇ ਇਹਨਾਂ ਕਿੱਤਿਆਂ ਨੂੰ ਜਨਮ ਆਧਾਰਿਤ ਜਾਤਾਂ ਨਾਲ ਜੋੜ ਦਿੱਤਾ। ਸਮਾਂ ਪਾ ਕੇ ਇਹਨਾਂ ਜਾਤਾਂ ਦਾ ਬੋਲਬਾਲਾ ਐਨਾ ਵੱਧ ਗਿਆ ਕਿ ਸਮਾਜ ਦਾ ਰਹਿਣ-ਸਹਿਣ ਵੀ ਇਹਨਾਂ ਜਾਤਾਂ 'ਤੇ ਆਧਾਰਿਤ ਹੋ ਗਿਆ। ਸਮਾਜ ਵਿੱਚ ਅਖੌਤੀ ਉੱਤਮ ਵਰਗ ਦੇ ਲੋਕਾਂ ਨੇ ਉੱਚ ਸੰਸਾਧਨਾਂ ਉੱਪਰ ਆਪਣਾ ਕਬਜ਼ਾ ਕਰ ਨਿਮਨ ਵਰਗ ਨੂੰ ਇਹਨਾਂ ਤੋਂ ਵਿਰਵੇ ਕਰ ਦਿੱਤਾ। ਇੱਥੋਂ ਤੱਕ ਕਿ ਗਿਆਨ ਉੱਪਰ ਵੀ ਉਹਨਾਂ ਨੇ ਆਪਣਾ ਅਧਿਕਾਰ ਕਾਇਮ ਕਰ ਲਿਆ। ਇਸ ਵਿਵਸਥਾ ਅਨੁਸਾਰ ਪਰਮਾਤਮਾ ਸਰਬ ਸਾਂਝੇ ਸਮਾਜ ਦਾ ਰਚਣਹਾਰਾ ਨਾ ਹੋ ਕੇ ਮਨੁੱਖਾਂ ਨਾਲ ਭੇਦਭਾਵ ਕਰਨ ਵਾਲਾ ਸੀ। ਹੌਲੀ-ਹੌਲੀ ਭਾਰਤੀ ਸਮਾਜ ਵਿੱਚ ਜਾਤ ਆਧਾਰਿਤ ਵਿਤਕਰੇ ਇਨ੍ਹੇ ਵਧ ਗਏ ਕਿ ਮਨੁੱਖ ਨੇ ਮਨੁੱਖ ਨਾਲ ਨਫ਼ਰਤ ਕਰਨੀ ਸ਼ੁਰੂ ਕਰ ਦਿੱਤੀ। ਨਿਮਨ ਵਰਗ ਦੇ ਲੋਕਾਂ ਨੂੰ ਅਛੂਤ ਸਮਝੇ ਜਾਣ ਕਰਕੇ ਸਮਾਜ ਵਿੱਚ ਉਹਨਾਂ ਦੀ ਹਾਲਤ ਪਸ਼ੂਆਂ ਤੋਂ ਵੀ ਬਦਤਰ ਹੋ ਗਈ ਸੀ। ਗੁਰੂ ਰਵਿਦਾਸ ਖ਼ੁਦ ਅਖੌਤੀ ਨਿਮਨ ਜਾਤੀ ਚਮਾਰ ਨਾਲ ਸਬੰਧ ਰੱਖਦੇ ਸਨ। ਇਸ ਲਈ ਉਹਨਾਂ ਨੂੰ ਉੱਚ ਸ਼੍ਰੇਣੀਆਂ ਦੇ ਤ੍ਰਿਸਕਾਰ ਦਾ ਸਾਹਮਣਾ ਕਰਨਾ ਪਿਆ। ਪਰੰਤੂ ਉਹਨਾਂ ਨੇ ਆਪਣੀ ਜਾਤੀ ਦੇ ਹੀਣ ਭਾਵ ਨੂੰ ਕਿਤੇ ਪ੍ਰਗਟ ਨਹੀਂ ਹੋਣ ਦਿੱਤਾ ਅਤੇ ਆਪਣੀ ਬਾਣੀ ਵਿੱਚ ਜਾਤੀ ਦਾ ਖੁੱਲ੍ਹ ਕੇ ਵਖਿਆਨ ਕੀਤਾ। "ਆਪਣੀ ਜਾਤ ਜਨਮ ਨੂੰ ਓਛਾ, ਕਮੀਨਾ, ਘਟੀਆ, ਨੀਚ ਅਤੇ ਤੁਛ ਆਖਣ ਵਾਲੇ ਗੁਰੂ ਰਵਿਦਾਸ ਨੇ ਹਰ ਪ੍ਰਕਾਰ ਦੇ ਲੋਭ, ਵਾਸਨਾ, ਲਾਲਚ, ਤ੍ਰਿਸ਼ਨਾ ਨੂੰ ਨਿਯੰਤ੍ਰਿਤ ਕਰ ਲਿਆ ਸੀ ਅਤੇ ਉਹ ਨਿਮਰਤਾ ਦੀ ਸਾਕਾਰ ਮੂਰਤ ਬਣ ਚੁੱਕੇ ਹਨ।"[3] ਗੁਰੂ ਰਵਿਦਾਸ ਨੇ ਆਪਣੀ ਬਾਣੀ ਰਾਹੀਂ ਜਾਤ-ਪਾਤ ਦਾ ਭੇਦਭਾਵ ਕਰਨ ਵਾਲੇ ਮਨੁੱਖ ਦੇ ਕਿਰਦਾਰ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾਂ ਨੇ ਜਾਤ-ਪਾਤ ਦੀ ਵਿਵਸਥਾ ਨੂੰ ਕਠੋਰ ਸ਼ਬਦਾਂ ਵਿੱਚ ਭੰਡਦੇ ਹੋਏ ਇਸਦਾ ਕਰੁਣਾਮਈ ਢੰਗ ਨਾਲ ਚਿੱਤਰਣ ਕੀਤਾ ਹੈ :

*ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥*
*ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥*
*ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥*
*ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥*[4]
*ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥*
*ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥*[5]

ਗੁਰੂ ਰਵਿਦਾਸ ਬਾਣੀ ਅਨੁਸਾਰ ਸਭ ਮਨੁੱਖ ਇੱਕ ਸਮਾਨ ਹਨ। ਉਹਨਾਂ ਅਨੁਸਾਰ ਮਨੁੱਖ ਦੀ ਪਛਾਣ ਉਸਦੀ ਜਾਤ ਕਰਕੇ ਨਹੀਂ ਬਲਕਿ ਕਰਮ ਕਰਕੇ ਹੋਣੀ ਚਾਹੀਦੀ ਹੈ। ਉੱਚੀ ਕੁੱਲ ਵਿੱਚ ਪੈਦਾ ਹੋ ਕੇ ਮਨੁੱਖ ਜੇਕਰ ਮੰਦੇ ਕਰਮ ਕਰਦਾ ਹੈ ਤਾਂ ਉਸ ਦੇ ਗੁਨਾਹ ਬਖ਼ਸ਼ੇ ਨਹੀਂ ਜਾ ਸਕਦੇ। ਅਤੇ ਜੇਕਰ ਕੋਈ ਨੀਵੀਂ ਕੁੱਲ ਵਿੱਚ ਪੈਦਾ ਹੋ ਕੇ ਚੰਗੇ ਕਰਮ ਕਰਦਾ ਹੈ ਤਾਂ ਉਸ ਦੀ ਸ਼ੋਭਾ ਹਰ ਜਗ੍ਹਾ ਹੁੰਦੀ ਹੈ। ਇਸ ਲਈ ਗੁਰੂ ਰਵਿਦਾਸ ਅਨੁਸਾਰ ਸੰਪੂਰਣ ਮਨੁੱਖ ਉਹ ਹੈ ਜੋ ਕਿਸੇ ਨਾਲ ਜਾਤ-ਪਾਤ ਆਧਾਰਿਤ ਭੇਦਭਾਵ ਨਾ ਕਰਕੇ ਸਭ ਨੂੰ ਇੱਕ ਸਮਾਨ ਸਮਝਦਾ ਹੋਇਆ ਉਸ ਦੇ ਕਰਮਾਂ ਅਨੁਸਾਰ ਉਸ ਨਾਲ ਵਿਹਾਰ ਕਰੇ।

ਗੁਰੂ ਰਵਿਦਾਸ ਜੀ ਖ਼ੁਦ ਨੀਵੀਂ ਜਾਤੀ ਨਾਲ ਸਬੰਧ ਰੱਖਦੇ ਸਨ ਅਤੇ ਪਸ਼ੂਆਂ ਦਾ ਚੰਮ ਉਤਾਰਨ ਦਾ ਕੰਮ ਕਰਦੇ ਸਨ। ਪਰੰਤੂ ਉਹਨਾਂ ਦੁਆਰਾ ਕੀਤੇ ਸ਼ੁੱਭ ਕਰਮਾਂ ਕਾਰਨ ਹਰ ਕੁੱਲ ਦਾ ਮਨੁੱਖ ਉਹਨਾਂ ਨੂੰ ਨਮਸਕਾਰ ਕਰਦਾ ਹੈ:

*ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥*
*ਰਿਦੈ ਰਾਮ ਗੋਬਿੰਦ ਗੁਨ ਸਾਰੰ ॥*
*ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥*
*ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥*
*ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥*
*ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥*
*ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥*
*ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥*[6]

ਕੁਦਰਤ ਧਰਤੀ ਤੇ ਪੈਦਾ ਹੋਏ ਸਾਰੇ ਜੀਵਾਂ ਨੂੰ ਸਮਾਨ ਅਵਸਰ ਪ੍ਰਦਾਨ ਕਰਦੀ ਹੈ ਅਤੇ ਇਹ ਸਾਰੇ ਜੀਵ ਇੱਕ ਦੂਸਰੇ ਉੱਤੇ ਨਿਰਭਰ ਕਰਦੇ ਹਨ। ਮਨੁੱਖ ਆਪਣੀ ਬੁੱਧੀ ਕਾਰਨ ਬਾਕੀ ਸਭ ਜੀਵਾਂ ਤੋਂ ਵੱਖਰਾ ਹੈ। ਮਨੁੱਖ ਆਪਣੀ ਇਸ ਬੁੱਧੀ, ਉੱਚੀ ਜਾਤ ਅਤੇ ਤਾਕਤ ਦਾ ਪ੍ਰਯੋਗ ਕਰ ਸਭ ਜੀਵਾਂ ਦੇ ਅਵਸਰ ਖੋਹਣਾ ਚਾਹੁੰਦਾ ਹੈ ਅਤੇ ਉਹਨਾਂ ਦੀਆਂ ਵਸਤਾਂ ਉੱਪਰ ਆਪਣਾ ਅਧਿਕਾਰ ਜਮਾਉਣਾ ਚਾਹੁੰਦਾ ਹੈ। ਇਸ ਕਾਰਜ ਲਈ ਉਹ ਸਮਾਜ ਵਿੱਚ ਵਿਤਕਰੇ ਪੈਦਾ ਕਰਦਾ ਹੈ ਅਤੇ ਦੂਸਰੇ ਮਨੁੱਖਾਂ ਦੀ ਆਜ਼ਾਦੀ ਨੂੰ ਢਾਹ ਲਾਉਂਦਾ ਹੈ। ਗੁਰੂ ਰਵਿਦਾਸ ਅਹਿਜੀ ਅਪੂਰਨ ਸੋਝੀ ਵਾਲੇ ਮਨੁੱਖਾਂ ਨੂੰ ਸਮਝਾਉਣ ਲਈ 'ਬੇਗਮਪੁਰਾ' ਵਰਗੇ ਸ਼ਹਿਰ ਦੇ ਵਸਨੀਕ ਬਣਾ ਕੇ, ਸੰਪੂਰਣ ਮਨੁੱਖ ਬਣਨ ਲਈ ਪ੍ਰੇਰਦੇ ਹਨ। ਗੁਰੂ ਜੀ ਅਨੁਸਾਰ ਇਹ ਅਜਿਹਾ ਸ਼ਹਿਰ ਹੋਵੇਗਾ ਜਿਸ ਵਿੱਚ ਸਾਰੇ ਮਨੁੱਖ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਅਧਿਕਾਰਾਂ ਪੱਖੋਂ ਬਰਾਬਰ ਦੇ ਭਾਗੀਦਾਰ ਹੋਣਗੇ। ਸਮਾਜ ਵਿੱਚ ਲੋਕਤੰਤਰਿਕ ਸਮਾਜਵਾਦ ਦੀ ਸਥਾਪਨਾ ਹੋਣ ਕਾਰਨ ਲੋਕ ਸਰਵ-ਸਾਂਝੀਵਾਲਤਾ ਅਤੇ ਭਾਈਚਾਰੇ ਵਾਲਾ ਜੀਵਨ ਬਸਰ ਕਰਨਗੇ। ਇਸ ਸ਼ਹਿਰ ਦੇ ਵਸਨੀਕ ਡਰ, ਭੈਅ, ਘਬਰਾਹਟ ਆਦਿ ਤੋਂ ਬਿਨਾਂ ਵਪਾਰ ਕਰ ਸਕਣਗੇ ਅਤੇ ਅਤੇ ਘੁੰਮ ਫਿਰ ਸਕਣਗੇ। 'ਬੇਗਮਪੁਰਾ' ਦੇ ਸੰਕਲਪ ਰਾਹੀਂ ਗੁਰੂ ਰਵਿਦਾਸ ਸੰਪੂਰਣ ਮਨੁੱਖ ਦੀ ਘਾੜਤ ਦਾ ਕੇਂਦਰ ਸਥਾਪਿਤ ਕਰ ਆਦਰਸ਼ਕ ਸਮਾਜ ਦੀ ਸਥਾਪਨਾ ਕਰਨ ਪ੍ਰਤੀ ਰੁਚਿਤ ਹਨ:

*ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥*
*ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥*
*ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥*
*ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥*[7]

ਸੰਸਾਰ ਵਿੱਚ ਵਿਚਰਦਾ ਹੋਇਆ ਮਨੁੱਖ ਆਪਣੇ ਜੀਵਨ ਬਸੇਬੇ ਲਈ ਅਨੇਕ ਪ੍ਰਕਾਰ ਦੇ ਸੁੱਖ-ਸਾਧਨ ਇੱਕਠੇ ਕਰਦਾ ਹੈ। ਇਹਨਾਂ ਸਾਧਨਾ ਦੀ ਪ੍ਰਾਪਤੀ ਦੀ ਅਥਾਹ ਖਿੱਚ ਕਾਰਨ ਕਈ ਵਾਰ ਉਹ ਮੋਹ, ਮਾਇਆ ਅਤੇ ਅਹੰਕਾਰ ਵਰਗੇ ਵਿਸ਼ੇ-ਵਿਕਾਰਾਂ ਵਿੱਚ ਫਸ ਜਾਂਦਾ ਹੈ। ਉਸ ਪਾਸ ਅਨੇਕਾਂ ਸੁੱਖ-ਸਾਧਨ ਹੋਣ ਦੇ ਬਾਵਜੂਦ ਵੀ ਉਹ ਅਤ੍ਰਿਪਤ ਰਹਿੰਦਾ ਹੈ ਅਤੇ ਉਸ ਦੀ ਮਨੋਕਾਮਨਾ ਪੂਰਨ ਨਹੀਂ ਹੁੰਦੀ। ਆਪਣੀ ਅਤ੍ਰਿਪਤੀ ਨੂੰ ਤ੍ਰਿਪਤ ਕਰਨ ਲਈ ਉਹ ਅਨੇਕ ਪ੍ਰਕਾਰ ਦੇ ਅਨੈਤਿਕ ਕਾਰਜ ਕਰਦਾ ਹੈ। ਉਹ ਆਪਣੇ ਤੋਂ ਕਮਜ਼ੋਰ ਲੋਕਾਂ ਉੱਪਰ ਅੱਤਿਆਚਾਰ ਕਰਦਾ ਹੈ। ਉਹ ਭੌਤਿਕ ਚਮਕ-ਦਮਕ ਵਿੱਚ ਫੱਸ ਕੇ ਆਪਣੇ ਆਪ ਨੂੰ ਕਦੇ ਨਾ ਨਿਕਲਣ ਵਾਲੇ ਹਨੇਰੇ ਵਿੱਚ ਫਸਾ ਲੈਂਦਾ ਹੈ। ਨੈਤਿਕ ਗਿਰਾਵਟ ਵਿੱਚ ਗ੍ਰਸੇ ਹੋਣ ਕਾਰਨ ਉਸ ਦੀ ਭਟਕਣਾ ਹੋਰ ਵੀ ਵਧ ਜਾਂਦੀ ਹੈ। ਆਪਣੀ ਸੁਖ-ਸਾਧਨਾ ਵਾਲੀ ਅਪੂਰਨਤਾ ਨੂੰ ਪੂਰਨ ਕਰਨ ਲਈ ਅਜਿਹਾ ਮਨੁੱਖ ਆਪਣੀ ਬੁੱਧ ਵਿਵੇਕ ਤੋਂ ਕੰਮ ਨਾ ਲੈਂਦਾ ਹੋਇਆ ਸੰਪੂਰਣ ਤਾ ਪ੍ਰਾਪਤ ਕਰਨਾ ਲੋਚਦਾ ਹੈ। ਉਸ ਦੀ ਇਹ ਨਾਸਮਝੀ ਹੀ ਉਸਦੇ ਦੁੱਖਾਂ ਅਤੇ ਕਸ਼ਟਾਂ ਦਾ ਕਾਰਨ ਬਣਦੀ ਹੈ।

ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਦਸਦੇ ਹਨ ਕਿ ਮਨੁੱਖ ਨੂੰ ਅਸਲ ਸੱਚ ਦਾ ਗਿਆਨ ਅਤੇ ਵਿਵੇਕ ਦਾ ਨਾਂ ਹੋਣਾ ਹੀ ਉਸ ਦੇ ਦੁੱਖਾਂ ਅਤੇ ਕਸ਼ਟਾਂ ਦਾ ਮੁੱਖ ਕਾਰਨ ਬਣਦਾ ਹੈ। ਗਿਆਨ ਦਾ ਅਰਥ ਜਾਣਕਾਰੀ ਦਾ ਭੰਡਾਰ ਨਾ ਹੋ ਕੇ ਇਨਸਾਨੀਅਤ ਦਾ ਪਾਠ ਪੜਾਉਣ ਅਤੇ ਸਲੀਕੇ ਨਾਲ ਜ਼ਿੰਦਗੀ ਜਿਉਣ ਨਾਲ ਹੈ। ਗਿਆਨ ਜਿੱਥੇ ਸੂਝਵਾਨ ਹੋਣ ਦਾ ਚਿੰਨ੍ਹ ਹੈ ਉੱਥੇ ਹੀ ਹਉਮੈ ਦਾ ਸਾਧਨ ਵੀ ਹੈ। ਅਗਿਆਨ ਅਤੇ ਝੂਠੇ ਬੰਧਨਾਂ ਕਾਰਨ ਮਨੁੱਖ ਦਾ ਜਿਉਣਾ ਹਮੇਸ਼ਾ ਮੁਹਾਲ ਰਹਿੰਦਾ ਹੈ। ਇਸ ਸਬੰਧੀ ਗੁਰੂ ਰਵਿਦਾਸ ਅਗਿਆਨੀ ਮਨੁੱਖ ਦੀ ਤੁਲਨਾ ਉਸ ਗੁਣਹੀਣ ਬੈਲ ਨਾਲ ਕਰਦੇ ਹਨ ਜਿਸ ਲਈ ਬਿਖੜਾ ਅਤੇ ਸੰਘਣਾ ਪਹਾੜੀ ਰਾਸਤਾ ਤਹਿ ਕਰਨਾ ਔਖਾ ਹੈ। ਅਤੇ ਅਜਿਹੀ ਸਥਿਤੀ ਵਿੱਚ ਸਿਰਫ਼ ਗਿਆਨ ਰੂਪੀ ਬੈਲ ਹੀ ਇਸ ਰਾਸਤੇ ਤੋਂ ਪਾਰ ਲੰਘਾ ਸਕਦਾ ਹੈ। ਜਿਨ੍ਹਾਂ ਨੇ ਗਿਆਨ ਨੂੰ ਪ੍ਰਾਪਤ ਕਰ ਲਿਆ ਹੈ ਉਹ ਮਨੁੱਖ ਕਾਮ, ਕ੍ਰੋਧ, ਲੋਭ, ਮੋਹ,

ਅਹੰਕਾਰ ਆਦਿ ਜਮਦੂਤਾਂ ਤੋਂ ਮੁਕਤ ਹੋ ਗਿਆ ਹੈ:

*ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥*

*ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥*

*ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥*

-----------------------------------------

*ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥*

*ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥*[8]

ਸਮੁੱਚੀ ਭਗਤੀ ਕਾਵਿ ਪਰੰਪਰਾ ਵਿੱਚ ਗਿਆਨ ਪ੍ਰਾਪਤੀ ਲਈ ਸਤਿਗੁਰ ਭਾਵ ਸੱਚੇ ਗੁਰੂ ਦੀ ਪ੍ਰਾਪਤੀ ਨੂੰ ਅਤਿਅੰਤ ਮੱਹਤਵਪੂਰਨ ਮੰਨਿਆ ਗਿਆ ਹੈ। ਕਿਉਂਕਿ ਗਿਆਨ ਪ੍ਰਾਪਤ ਕਰਨ ਦਾ ਇੱਕ ਸੋਮਾ ਸੱਚਾ ਗੁਰੂ ਵੀ ਹੈ। ਗੁਰੂ ਗਿਆਨ ਦੁਆਰਾ ਮਨੁੱਖ ਆਪਣੇ ਲਈ ਉਚਿੱਤ ਰਾਸਤੇ ਦੀ ਭਾਲ ਸਹਿਜੇ ਹੀ ਪ੍ਰਾਪਤ ਕਰ ਸਕਦਾ ਹੈ। ਗੁਰੂ ਗਿਆਨ ਮਨੁੱਖ ਨੂੰ ਸੰਸਾਰਿਕ ਅਤੇ ਮਾਨਸਿਕ ਭੜਕਣਾ ਤੇ ਮਾਰੂ ਪਰਸਥਿਤੀਆਂ ਵਿੱਚੋਂ ਕੱਢ ਕੇ ਸਾਰਥਕ ਅਤੇ ਅਗਾਂਹਵਧੂ ਦਿਸ਼ਾ ਪ੍ਰਦਾਨ ਕਰਦਾ ਹੈ। ਉਹ ਪਾਰਸ ਪੱਥਰ ਵਾਂਗ ਇੱਕੋ ਛੋਹ ਨਾਲ ਆਪਣੇ ਸ਼ਿਸ਼ ਦਾਂ ਰੂਪਾਂਤਰਣ ਕਰ ਦਿੰਦਾ ਹੈ ਅਤੇ ਉਸ ਨੂੰ ਸੰਪੂਰਣ ਮਨੁੱਖ ਬਣਾਉਣ ਵਿੱਚ ਅਹਿਮ ਯੋਗਦਾਨ ਅਦਾ ਕਰਦਾ ਹੈ। "ਅਧਿਆਤਮਕ ਨਿਸ਼ਾਨਾ ਸਿੱਧੀ ਦੇ ਸਾਧਨਾਂ ਵਿਚ ਗੁਰੂ ਦਾ ਵਿਸ਼ੇਸ਼ ਯੋਗਦਾਨ ਹੈ। ਵਾਸਤਵਿਕ ਤੱਤ ਦੀ ਸੋਝੀ ਮਨੁੱਖ ਨੂੰ ਆਪਣੇ ਆਪ ਨਹੀਂ ਸਗੋਂ ਗੁਰੂ ਜੀ ਦੀ ਯੋਗ ਅਤੇ ਉਚਿਤ ਅਗਵਾਈ ਸਹਿਤ ਹੀ ਹੁੰਦੀ ਹੈ।"[9] ਗੁਰੂ ਰਵਿਦਾਸ ਆਪਣੀ ਬਾਣੀ ਰਚਨਾ ਰਾਹੀਂ ਅਗਿਆਨੀ ਅਤੇ ਵਿਕਾਰਾਂ ਵਾਲੇ ਮਨੁੱਖ ਦੀ ਤੁਲਨਾ ਗੁਣਹੀਣ ਇਰੰਡ ਨਾਲ ਕਰਦੇ ਹਨ। ਪਰ ਚੰਦਨ ਰੂਪੀ ਗੁਰੂ ਦਾ ਸੰਗ ਕਰ ਗਿਆਨ ਰੂਪੀ ਸੁਗੰਧੀ ਆ ਜਾਣ ਕਾਰਨ ਉੱਤਮ ਰੂਪ ਹਾਸਿਲ ਕਰ ਸਕਦਾ ਹੈ ਭਾਵ ਸੰਪੂਰਣ ਮਨੁੱਖ ਦਾ ਰੂਪ ਧਾਰਨ ਕਰ ਸਕਦਾ ਹੈ।

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥*

*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥*

*ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥*

*ਹਮ ਅਉਗਨ ਤੁਮ ਉਪਕਾਰੀ ॥*

*ਤੁਮ ਮਖਤੂਲ ਸਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥*

*ਸਤਸੰਗਤਿ ਮਿਲ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥*

*ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥*

*ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥*[10]

ਗੁਰੂ ਰਵਿਦਾਸ ਬਾਣੀ ਵਿੱਚ ਪੇਸ਼ ਪ੍ਰਮਾਤਮਾ ਦੇ ਨਾਮ ਸਿਮਰਨ ਨੂੰ ਗੁਰੂ ਗਿਆਨ ਦਾ ਪ੍ਰਤੀਕ ਮੰਨ ਲਿਆ ਜਾਵੇ ਤਾਂ ਰਾਗ ਧਨਾਸਰੀ ਵਿੱਚ ਰਚਿਤ 'ਆਰਤੀ' ਆਪਣੇ ਇੱਕ-ਇੱਕ ਸ਼ਬਦ ਦੁਆਰਾ ਗਿਆਨ ਦੇ ਅਰਥ ਨੂੰ ਸਾਰਥਕ ਕਰਦੀ ਹੈ। ਜਦੋਂ ਮਨੁੱਖ ਨੂੰ ਅਸਲ ਗਿਆਨ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ ਤਾਂ ਉਸ ਲਈ ਵਾਧੂ ਦੇ ਧਾਰਮਕ ਪਾਖੰਡ, ਆਡੰਬਰ, ਤੀਰਥ ਇਸ਼ਨਾਨ, ਪੂਜਾ-ਵਿਧੀਆਂ ਆਦਿ ਸਭ ਝੂਠੇ ਪਸਾਰੇ ਬਣ ਜਾਂਦੇ ਹਨ। ਉਹ ਗੁਰੂ ਦੁਆਰਾ ਦੱਸੇ ਮਾਰਗ ਤੇ ਚਲਦਾ ਹੋਇਆ ਪ੍ਰਭੂ ਪ੍ਰੇਮ ਦੀ ਮਿਹਰ ਦਾ ਪਾਤਰ ਬਣ ਜਾਂਦਾ ਹੈ। ਇਸ ਤਰ੍ਹਾਂ ਉਸ ਮਨੁੱਖ ਵਿੱਚ ਸੰਪੂਰਣ ਮਨੁੱਖ ਦੇ ਗੁਣਾਂ ਵਾਲੀ ਆਮਦ ਦਾ ਪਸਾਰਾ ਹੋ ਜਾਂਦਾ ਹੈ-

*ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥*

*ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥*

*ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥*

*ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥*

*ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥*

*ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥*

*ਨਾਮੁ ਤੇਰੋ ਤਾਗਾ ਨਾਮ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥*

*ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥*

*ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥*

*ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥*[11]

ਸੱਚੇ ਗੁਰੂ ਤੋਂ ਗਿਆਨ ਪ੍ਰਾਪਤ ਕਰਨ ਵਾਲਾ ਮਨੁੱਖ ਸੰਸਾਰਿਕ ਦੁੱਖ-ਸੁੱਖ, ਮੋਹ-ਮਾਇਆ ਅਤੇ ਝੂਠੇ ਸੰਸਾਰਿਕ ਪਦਾਰਥਾਂ ਵਿੱਚ ਮਗਨ ਨਹੀਂ ਹੁੰਦਾ ਬਲਕਿ ਆਪਣੇ ਜੀਵਨ ਵਿੱਚ ਇਹਨਾਂ ਪਦਾਰਥਾਂ ਨਾਲ ਸੰਤੁਲਨ ਬਣਾਉਣ ਦੀ ਸਮਰੱਥਾ ਹਾਸਿਲ ਕਰ ਲੈਂਦਾ ਹੈ:

*ਸੰਪਤਿ ਬਿਪਤਿ ਪਟਲ ਮਾਇਆ ਧਨੁ ॥*

*ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥*

*ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥*

*ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥*[12]

ਸੰਸਾਰ ਵਿੱਚ ਭੁਲੇਖਾ ਪਾ ਕੇ ਅਨੇਕਾਂ ਵਿਕਾਰਾਂ ਨੂੰ ਜਨਮ ਦੇਣ ਵਾਲੀ ਵਸਤੂ ਮਾਇਆ ਹੈ ਜਿਸ ਵਿੱਚ ਫਸ ਕੇ ਮਨੁੱਖ ਦੀ ਮਾਨਸਿਕ ਸ਼ਾਂਤੀ ਭੰਗ ਹੋ

ਜਾਂਦੀ ਹੈ। ਆਪਣੀ ਬੁੱਧੀ ਅਤੇ ਸ਼ਕਤੀ ਨਾਲ ਮਨੁੱਖ ਦੁਆਰਾ ਇਕਤ੍ਰਿਤ ਕੀਤੇ ਸਾਧਨਾ ਕਾਰਨ ਉਸ ਅੰਦਰ ਅਹੰਕਾਰ ਦੇ ਭਾਵ ਜਾਗ੍ਰਿਤ ਹੋ ਜਾਂਦੇ ਹਨ। ਦੁਨੀਆਂ ਦੀਆਂ ਚਮਕਦਾਰ ਵਸਤਾਂ ਨੂੰ ਪਾਉਣ ਪਿੱਛੇ ਗ਼ਲਤਾਨ ਹੋਇਆ ਮਨੁੱਖ ਦਿਨ ਰਾਤ ਇਹਨਾਂ ਦੀ ਪ੍ਰਾਪਤੀ ਲਈ ਭੱਜ-ਦੌੜ ਕਰਦਾ ਹੈ। ਮਾਇਆ ਰੂਪੀ ਇਹਨਾਂ ਵਸਤਾਂ ਦੇ ਪ੍ਰਭਾਵ ਅਧੀਨ ਉਹ ਆਪਣੇ-ਆਲੇ ਦੁਆਲੇ ਨੂੰ ਭੁੱਲ ਜਾਂਦਾ ਹੈ। ਉਹ ਆਪਣੇ ਹੱਡੀਆਂ, ਮਾਸ ਅਤੇ ਲਹੂ ਦੇ ਬਣੇ ਪਿੰਜਰ ਰੂਪੀ ਨਾਸ਼ਵਾਨ ਸ਼ਰੀਰ ਨੂੰ, ਜਿਸ ਵਿੱਚ ਕਿਸੇ ਵੀ ਸਮੇਂ ਉਡਾਰੀ ਮਾਰਨ ਵਾਲੀ ਆਤਮਾ ਵਾਸ ਕਰਦੀ ਹੈ, ਨੂੰ ਚਿਰ ਸਥਾਈ ਸਮਝਣ ਦਾ ਭੁਲੇਖਾ ਪਾਲ ਲੈਂਦਾ ਹੈ। ਉਹ ਇਸ ਸਚਾਈ ਨੂੰ ਭੁਲਾ ਬੈਠਦਾ ਹੈ ਕਿ ਪੰਜ ਤੱਤਾਂ ਦੇ ਬਣੇ ਇਸ ਸ਼ਰੀਰ ਨੇ ਇੱਕ ਦਿਨ ਮਿੱਟੀ ਵਿੱਚ ਵਿਲੀਨ ਹੋ ਜਾਣਾ ਹੈ। ਗੁਰੂ ਗਿਆਨ ਦੇ ਮਾਰਗ ਤੇ ਚਲਦਿਆਂ ਜਿਸ ਮਨੁੱਖ ਨੂੰ ਇਸ ਤੱਥ ਦੀ ਸੋਝੀ ਹੋ ਜਾਂਦੀ ਹੈ ਉਹ ਮਾਇਆ ਪਿੱਛੇ ਨਹੀਂ ਦੌੜਦਾ ਬਲਕਿ ਸ਼ੁੱਭ ਕਰਮ ਕਰਦਾ ਹੋਇਆ ਆਪਣੇ ਜੀਵਨ ਨੂੰ ਆਨੰਦਮਈ ਬਣਾ ਕੇ ਸੰਪੂਰਣ ਮਨੁੱਖ ਦੀ ਪਦਵੀ ਹਾਸਿਲ ਕਰ ਲੈਂਦਾ ਹੈ। ਇਸ ਸਬੰਧੀ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ:

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥*
*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥*
*ਮਾਇਆ ਗਈ ਤਬ ਰੋਵਨੁ ਲਗਤੁ ਹੈ ॥*
*ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥*
*ਬਿਨਸਿ ਗਇਆ ਜਾਇ ਕਹੂੰ ਸਮਾਨਾ ॥*
*ਕਹਿ ਰਵਿਦਾਸ ਬਾਜੀ ਜਗੁ ਭਾਈ ॥*
*ਬਾਜੀਗਰੁ ਸਉ ਮੋੁਹਿ ਪ੍ਰੀਤਿ ਬਨ ਆਈ ॥*[13]

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥*
*ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥*
*ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥*
*ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥*
*ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥*
*ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥*
*ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥*
*ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥*[14]

ਉਪਰੋਕਤ ਕੀਤੀ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਮੱਧਕਾਲ ਵਿੱਚ ਪੈਦਾ ਹੋਈ ਭਗਤੀ ਲਹਿਰ ਦੇ ਸਿਰਮੌਰ ਕਵੀ ਗੁਰੂ ਰਵਿਦਾਸ ਆਪਣੀ ਬਾਣੀ ਵਿੱਚ ਮਨੁੱਖੀ ਸਰੋਕਾਰਾਂ ਨੂੰ ਮੁੱਖ ਵਿਸ਼ੇ ਦੇ ਤੌਰ ਤੇ ਉਭਾਰਦੇ ਹਨ। ਉਹ ਸਮੁੱਚੀ ਲੋਕਾਈ ਨੂੰ ਉੱਚ ਜੀਵਨ ਜਾਚ ਦਾ ਸੰਦੇਸ਼ ਦੇਣ ਲਈ ਮਨੁੱਖ ਨੂੰ ਕੇਂਦਰ ਵਿੱਚ ਰੱਖਦੇ ਹਨ। ਇਸ ਲਈ ਉਹ ਆਪਣੀ ਬਾਣੀ ਰਾਹੀਂ ਅਜਿਹੇ ਸੰਪੂਰਣ ਮਨੁੱਖ ਦੀ ਘਾੜਤ ਘੜਨਾ ਚਾਹੁੰਦੇ ਸਨ ਜਿਹੜਾ ਅਮਲੀ ਰੂਪ ਵਿੱਚ ਸਰਵ ਗੁਣ ਸੰਪਨ ਹੋਵੇ। ਅਜਿਹੇ ਗੁਣਾਂ ਨੂੰ ਧਾਰਨ ਕਰਨ ਵਾਲ ਵਿਅਕਤੀ ਸਮਾਜ ਵਿੱਚ ਵਿਚਰਦਾ ਹੋਇਆ ਕਿਸੇ ਨਾਲ ਜਾਤ, ਧਰਮ, ਨਸਲ ਅਤੇ ਰੰਗ ਆਦਿ ਕਰਕੇ ਭੇਦਭਾਵ ਨਹੀਂ ਕਰਦਾ। ਉਹ ਆਪਣੀਆਂ ਗਿਆਨ ਇੰਦਰੀਆਂ ਨੂੰ ਵਿਸ਼ੇ ਵਿਕਾਰਾਂ ਤੇ ਧਰਮਿਕ ਅਡੰਬਰਾਂ ਤੋਂ ਨਿਰਲੇਪ ਰੱਖਦਾ ਹੋਇਆ ਮਾਨਸਿਕ ਸ਼ਾਂਤੀ ਵਾਲਾ ਜੀਵਨ ਜਿਉਂਦਾ ਹੈ। ਉਹ ਖ਼ੁਦ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਦਾ ਹੋਇਆ ਦੂਜੇ ਲੋਕਾਂ ਦਾ ਜੀਵਨ ਵੀ ਖ਼ੁਸ਼ੀਆਂ ਨਾਲ ਭਰ ਦਿੰਦਾ ਹੈ। ਗੁਰੂ ਰਵਿਦਾਸ ਜੀ ਅਜਿਹੇ ਮਨੁੱਖ ਦੀ ਸਿਰਜਣਾ ਲਈ ਸੱਚੇ ਗੁਰੂ ਨੂੰ ਅਪਣਾਉਣ ਅਤੇ ਉਸ ਤੋਂ ਗਿਆਨ ਪ੍ਰਾਪਤ ਕਰਨ ਉੱਪਰ ਬਲ ਦਿੰਦੇ ਹਨ। ਕਿਉਂਕਿ ਗੁਰੂ ਦੁਆਰਾ ਦੱਸੇ ਮਾਰਗ 'ਤੇ ਚੱਲ ਕੇ ਹੀ ਮਨੁੱਖ, ਇਸ ਧਰਤੀ ਨੂੰ ਧਰਮਸਾਲ ਬਣਾ 'ਬੇਗਮਪੁਰਾ' ਵਰਗੇ ਆਦਰਸ਼ਕ ਸਮਾਜ ਦੀ ਸਥਾਪਨਾ ਕਰ ਸਕਦਾ ਹੈ ਅਤੇ ਧਰਤੀ ਦੇ ਵਸ਼ਿੰਦਿਆਂ ਅੰਦਰ ਮਨੁੱਖਤਾ ਦੀ ਮਸ਼ਾਲ ਜਗਾ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. *ਅਮਰਜੀਤ ਸਿੰਘ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਮੰਥਨ (ਸੰਪਾ.), ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 1992, ਪੰਨਾ: 40*
2. *ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ (ਸੰਪਾ.), ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001, ਪੰਨਾ: 71*

3. ਡਾ. ਅੰਮ੍ਰਿਤ ਲਾਲ ਪਾਲ, ਗੁਰੂ ਰਵਿਦਾਸ ਅਤੇ ਬਾਬਾ ਫਰੀਦ ਬਾਣੀ ਦਾ ਤੁਲਨਾਤਮਕ ਅਧਿਐਨ, ਸੰਗਮ ਪਬਲੀਕੇਸ਼ਨਜ਼, ਸਮਾਣਾ,2005,ਪੰਨਾ: 63
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ: 858
5. -ਉਹੀ- , ਪੰਨਾ: 486
6. -ਉਹੀ- , ਪੰਨਾ: 1293
7. -ਉਹੀ- , ਪੰਨਾ: 345
8. -ਉਹੀ- , ਪੰਨਾ: 345
9. ਡਾ. ਅੰਮ੍ਰਿਤ ਲਾਲ ਪਾਲ, ਗੁਰੂ ਰਵਿਦਾਸ ਅਤੇ ਬਾਬਾ ਫਰੀਦ ਬਾਣੀ ਦਾ ਤੁਲਨਾਤਮਕ ਅਧਿਐਨ, ਸੰਗਮ ਪਬਲੀਕੇਸ਼ਨਜ਼, ਸਮਾਣਾ, 2005, ਪੰਨਾ:-53
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ: 486
11. -ਉਹੀ- ,ਪੰਨਾ: 694
12. -ਉਹੀ- , ਪੰਨਾ: 487
13. -ਉਹੀ- , ਪੰਨਾ: 487
14. -ਉਹੀ- , ਪੰਨਾ: 659